


# ਪੰਜਾਬੀ ਨਾਟਕ 'ਵਨ ਥਾਊਜੈਂਡ' ਦੀ ਸ਼ੂਟਿੰਗ ਮੁਕੰਮਲ



ਪੰਜਾਬੀ ਨਾਟਕ 'ਵਨ ਥਾਊਜੈਂਡ' ਦਾ ਸ਼ਡਿਊਲ ਤਿਆਰ ਕਰਨ ਸਮੇਂ ਨਿਰਦੇਸ਼ਕ ਤੇ ਲੇਖਕ ਸ. ਭਵਨਦੀਪ ਸਿੰਘ ਪੁਰਬਾ, ਸਹਿ-ਨਿਰਦੇਸ਼ਕ ਢਾਡੀ ਸਾਧੂ ਸਿੰਘ ਧੰਮੂ ਅਤੇ ਪ੍ਰੋਡਕਸ਼ਨ ਟੀਮ

ਕੋਵਿਡ-19 ਦੇ ਚੱਲਦਿਆ ਪ੍ਰਸ਼ਾਸਨ ਦੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਦਿਆ ਮਹਿਕ ਵਤਨ ਦੀ ਲਾਈਵ ਪ੍ਰਡਕਸ਼ਨ ਦੇ ਤੀਸਰੇ ਨਾਟਕ 'ਵਨ ਥਾਊਜੈਂਡ' ਦੀ ਸ਼ੂਟਿੰਗ ਪੜਾਅ ਵਾਈਜ ਸਿਰਫ ਚਾਰ ਜਾਂ ਪੰਜ ਵਿਅਕਤੀਆਂ ਦੀ ਮੌਜੂਦਗੀ ਵਿੱਚ ਮੋਗਾ ਵਿਖੇ ਕੀਤੀ।

ਪੰਜਾਬੀ ਨਾਟਕ 'ਵਨ ਥਾਊਜੈਂਡ' ਦੀ ਸ਼ੂਟਿੰਗ ਦੇ ਅੰਤਿਮ ਦਿਨ ਜਾਣਕਾਰੀ ਦਿੰਦਿਆਂ ਨਿਰਦੇਸ਼ਕ ਤੇ ਲੇਖਕ ਭਵਨਦੀਪ ਸਿੰਘ ਪੁਰਬਾ ਨੇ ਦੱਸਿਆ ਕਿ ਪ੍ਰਸ਼ਾਸਨ ਦੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ 'ਮਹਿਕ ਵਤਨ ਦੀ ਲਾਈਵ' ਪ੍ਰਡਕਸ਼ਨ ਦੇ ਤੀਸਰੇ ਨਾਟਕ 'ਵਨ ਥਾਊਜੈਂਡ' ਦੀ ਸ਼ੂਟਿੰਗ ਪੜਾਅ ਵਾਈਜ ਸਿਰਫ ਚਾਰ ਜਾਂ ਪੰਜ ਵਿਅਕਤੀਆਂ ਦੀ ਮੌਜੂਦਗੀ ਵਿੱਚ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਦੀਵਾਲੇ ਦੇ ਸਬੰਧ ਵਿੱਚ ਬਣਾਏ ਗਏ ਇਸ ਤੀਸਰੇ ਨਾਟਕ 'ਵਨ ਥਾਊਜੈਂਡ' ਦੀ ਸ਼ੂਟਿੰਗ ਮੁਕੰਮਲ ਹੋ ਗਈ ਹੈ।

ਉਨ੍ਹਾਂ ਦੱਸਿਆ ਕਿ ਦੀਵਾਲੀ ਦੇ ਪਟਾਕਿਆਂ ਨਾਲ ਪ੍ਰਦੂਸ਼ਨ ਫੈਲਣ ਕਾਰਨ ਪਟਾਕੇ ਨਾ ਚਲਾਉਣ ਅਤੇ ਫਜੂਲ ਖਰਚ ਕਰਨ ਦੀ ਬਜਾਏ ਲੋੜਵੰਦਾਂ ਦੀ ਮੱਦਦ ਕਰਨ ਲਈ ਪ੍ਰੇਰਦੇ ਇਸ ਨਾਟਕ ਨੂੰ ਖ਼ੂਬਸੂਰਤ ਢੰਗ ਨਾਲ ਫਿਲਮਾ ਕੇ ਪੇਸ਼ ਕੀਤਾ ਗਿਆ ਹੈ ਜਿਸ ਵਿੱਚ ਨੰਨ੍ਹੇ ਕਲਾਕਾਰ ਏਕਮਜੋਤ ਸਿੰਘ ਪੁਰਬਾ ਅਤੇ ਉਮੰਗਦੀਪ ਕੌਰ ਦਾ ਅਹਿਮ ਰੋਲ ਹੈ।



ਇਸ ਨਾਟਕ ਦੀ ਸ਼ੂਟਿੰਗ ਦਾ ਸਡਿਊਲ ਤਿਆਰ ਕਰਨ ਮੌਕੇ ਨਿਰਦੇਸ਼ਕ ਭਵਨਦੀਪ ਸਿੰਘ ਪੁਰਬਾ, ਸਹਿ-ਨਿਰਦੇਸ਼ਕ ਢਾਡੀ ਸਾਧੂ ਸਿੰਘ ਧੰਮੂ, ਸੁਖਦੀਪ ਸਿੰਘ ਸੋਨਾ, ਰਾਜ ਸਿੰਘ ਸਿੱਧੂ, ਹਰਕੀਰਤ ਬੇਦੀ ਮੁੱਖ ਤੌਰ ਤੇ ਹਾਜ਼ਰ ਹੋਏ। ਜਦ ਵੀਡੀਓ ਡਾਇਰੈਕਟਰ ਜਸਵੀਰ ਪੂੜੈਣ, ਇਕਬਾਲ ਖੋਸਾ, ਸ਼ਮਿੰਦਰ ਸਿੰਘ ਸੇਖਾ, ਮਨਮੋਹਨ ਸਿੰਘ ਚੀਮਾ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਸਮੂਲੀਅਤ ਕੀਤੀ।




## ਸ਼ਾਇਰ ਜੱਸੀ ਦੁੱਨੇਕੇ ਗੀਤ ਕਦੇ ਨਹੀਂ ਡੋਲਦੇ ਨਾਲ ਧਾਰਮਿਕ ਸਥਾਨਾਂ 'ਚ ਚਰਚਿਤ ਹੋਇਆ




ਪੰਜਾਬੀ ਗੀਤਕਾਰੀ ਖੇਤਰ 'ਚ ਆਪਣੀ ਉਸਾਰੂ ਸੋਚ ਅਤੇ ਸੱਭਿਅਕ ਸ਼ਬਦਾਵਲੀ ਦੇ ਜਰੀਏ ਅਨੇਕਾਂ ਗੀਤਾਂ ਨਾਲ ਆਪਣੀ ਵਿਲੱਖਣਤਾ ਕਾਇਮ ਰੱਖਣ ਵਾਲੇ ਸ਼ਾਇਰ ਜੱਸੀ ਦੁੱਨੇਕੇ ਨੇ ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਆਪਣੇ ਹੱਥਲੇ ਗੀਤ 'ਕਦੇ ਨਹੀ ਡੋਲਦੇ' 'ਚ ਗੁਰੂ ਸਹਿਬ ਦੀ ਸ਼ਹੀਦੀ ਦਾ ਭਾਵਪੂਰਵਕ ਵਿਖਿਆਨ ਕਰਕੇ ਆਪਣੀ ਪ੍ਰਣਾਮਤਾ ਜਾਹਿਰ ਕਰਦਿਆਂ ਬਹੁਤ ਹੀ ਸੁਚੱਜੇ ਢੰਗ ਨਾਲ ਹਾਜ਼ਰੀ ਲਗਵਾਈ ਹੈ।

ਟੂਡੇ ਨਾਉ ਮਿਊਜ਼ਿਕ ਵੱਲੋਂ ਗੀਤਕਾਰ ਜੱਸੀ ਦੱਨੇਕੇ ਦੀ ਪੇਸ਼ਕਸ਼ 'ਚ ਰਿਲੀਜ਼ ਕੀਤੇ ਗਏ ਗੀਤ 'ਕਦੇ ਨਹੀ ਡੋਲਦੇ' ਨੂੰ ਜਿੱਥੇ ਸੰਗੀਤਕਾਰ ਬੁਲੀ ਸ਼ਾਹ ਤੇ ਵਿਸ਼ਾਲ ਪੌਲ ਨੇ ਬਹੁਤ ਹੀ ਮੁਧਰ ਧੁਨਾਂ ਨਾਲ ਸੰਗੀਤ ਨੂੰ ਸ਼ਿੰਗਾਰਿਆ ਹੈ ਉਥੇ ਗਾਇਕ ਬਲਬੀਰ ਬੀਰਾ ਦੇ ਕੰਠ 'ਚੋਂ ਵੀ ਪੂਰੀ ਪਰਪੱਕ ਗਾਇਕੀ ਝਲਕਦੀ ਹੈ ਅਤੇ ਗੀਤ ਦੀ ਸ਼ਬਦਾਵਲੀ 'ਚੋਂ ਸ਼ਾਇਰ ਜੱਸੀ ਦੁੱਨੇਕੇ ਦੀ ਇਤਿਹਾਸਿਕ ਸੂਝ-ਬੂਝ ਦਾ ਵੀ ਪ੍ਰਤੱਖ ਪ੍ਰਮਾਣ ਮਿਲਦਾ ਹੈ।

ਅਖੀਰ 'ਚ ਗੀਤ 'ਕਦੇ ਨਹੀਂ ਡੋਲਦਾ, ਕਦੇ ਨਹੀਂ ਡੋਲਦੇ' ਸੁਣਕੇ ਜਿੱਥੇ ਮਨ ਨੂੰ ਸਕੂਨ ਤੇ ਅਜੀਮ ਅਨੰਦ ਮਿਲਦਾ ਹੈ ਉਥੇ ਇਹ ਗੀਤ ਜ਼ਰੂਰ ਹੀ ਧਾਰਮਿਕ ਸਥਾਨਾਂ 'ਚ ਵੀ ਆਪਣਾ ਨਿਵੇਕਲਾ ਸਥਾਨ ਬਣਾਉਣ 'ਚ ਕਾਮਯਾਬ ਹੋ ਰਿਹਾ ਹੈ।

**- ਇਕਬਾਲ ਕਲਿਆਣ**
**ਸੰਪਰਕ: 98559-64415**

## ਗਾਇਕਾ ਗਗਨਪ੍ਰੀਤ ਬਠਿੰਡਾ ਵੱਲੋਂ ਉਭਰਦੇ ਗਾਇਕ ਬਿੱਲਾ ਹਮਦਰਦੀ ਦੇ ਨਵੇਂ ਗੀਤ 'ਬੁਲਟ' ਦਾ ਪੋਸਟਰ ਰਿਲੀਜ਼



ਪੰਜਾਬੀ ਸੰਗੀਤਕ ਖੇਤਰ 'ਚ ਉਭਰਦੇ ਸੁਰੀਲੇ ਗਾਇਕ ਬਿੱਲਾ ਹਮਦਰਦੀ ਦੇ ਨਵੇਂ ਗੀਤ 'ਬੁਲਟ' ਦਾ ਪੋਸਟਰ ਪਿੰਡ ਮੱਲ੍ਹੀਆਂ ਵਾਲਾ ਦੇ ਸਰਪੰਚ ਸੁਖਵੀਰ ਸਿੰਘ ਸੁੱਖਾ ਦੇ ਗ੍ਰਹਿ ਵਿਖੇ ਰਿਲੀਜ ਕੀਤਾ ਗਿਆ। ਇਸ ਮੌਕੇ ਮੁਖ ਮਹਿਮਾਨ ਵਜੋਂ ਵਿਸ਼ੇਸ ਸੱਦੇ ਤੇ ਪਹੁੰਚੀ ਪੰਜਾਬ ਦੀ ਪ੍ਰਸਿੱਧ ਗਾਇਕਾ ਗਗਨਪ੍ਰੀਤ ਬਠਿੰਡਾ ਨੇ ਪੋਸਟਰ ਰਿਲੀਜ਼ ਕਰਦਿਆਂ ਕਿਹਾ ਕਿ ਗਾਇਕ ਬਿੱਲਾ ਹਮਦਰਦੀ ਜਿੱਥੇ ਇਕ ਚੰਗਾ ਸੁਰੀਲਾ ਗਾਇਕ ਹੈ ਉਥੇ ਇਕ ਵਧੀਆਂ ਇਨਸਾਨ ਵੀ ਹੈ। ਗਾਇਕ ਬਿੱਲਾ ਹਮਦਰਦੀ ਦੇ ਗੀਤ ਬੁਲਟ 'ਚ ਸਰਪੰਚ ਸੁੱਖਾ ਜੀ ਵੱਲੋਂ ਸਹਿਯੋਗ ਦੇਣਾ ਇਕ ਬਹੁਤ ਹੀ ਚੰਗਾ ਉਪਰਾਲਾ ਹੈ।

ਇਸ ਮੌਕੇ ਸਰਪੰਚ ਸੁੱਖਾ ਨੇ ਕਿਹਾ ਸਾਨੂੰ ਮਾਣ ਹੈ ਕਿ ਬਿੱਲਾ ਹਮਦਰਦੀ ਇਕ ਵਧੀਆ ਗਾਇਕ ਹੈ। ਉਨ੍ਹਾਂ ਕਿਹਾ ਕਿ ਇਸ ਗੀਤ ਨਾਲ ਬਿੱਲਾ ਦੀ ਪਹਿਚਾਣ ਦਾ ਦਾਇਰਾ ਹੋਰ ਵੀ ਵਿਸ਼ਾਲ ਹੋ ਜਾਵੇਗਾ।

ਇਸ ਮੌਕੇ ਜਸਵਿੰਦਰ ਸਿੰਘ, ਰਾਮ ਸਿੰਘ, ਪੰਚ ਜਸਵਿੰਦਰ ਸਿੰਘ, ਸੁਰਿੰਦਰ ਕੌਰ, ਸੇਠ ਕਲਵੰਤ ਸਿੰਘ, ਮੇਜਰ ਸਿੰਘ, ਕੁਲਦੀਪ ਸਿੰਘ, ਭੁਪਿੰਦਰ ਭਿੰਦਾ, ਗੀਤਕਾਰ ਵਿਸਾਖਾ ਸਿੰਘ ਆਦਿ ਸਨ। ਅਖੀਰ 'ਚ ਗਾਇਕ ਬਿੱਲਾ ਹਮਦਰਦੀ ਨੇ ਸਰਪੰਚ ਸਖਵੀਰ ਸਿੰਘ, ਗਾਇਕਾ ਗਗਨਪ੍ਰੀਤ ਤੋਂ ਇਲਾਵਾ ਪਤਵੰਤਿਆਂ ਦਾ ਗੀਤ ਰਿਲੀਜਿੰਗ ਤੇ ਪਹੁੰਚਣ ਲਈ ਧੰਨਵਾਦ ਕੀਤਾ।

**- ਸੁਰਿੰਦਰਪਾਲ ਸਿੰਘ**

